TCS

Roll No. ........................ Total Pages : 4

# 12522/NL

**U–15/2111**

## ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)

Paper–001

Semester–I

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

### ਭਾਗ–ੳ

1. (ੳ) ਹੇਠਾਂ ਦਿੱਤੇ ਗੁਰਮੁਖੀ ਵਰਣਮਾਲਾ ਦੇ ਅੱਖਰਾਂ ਨੂੰ ਤਰਤੀਬ ਵਿਚ ਲਿਖੋ:

| | | | | |
|---|---|---|---|---|
| ਵ | ਝ | ਚ | ਜ | ਛ |
| ਠ | ਟ | ਣ | ਡ | ਢ |
| ਥ | ਦ | ਤ | ਨ | ਧ |
| ਫ | ਭ | ਬ | ਮ | ਪ |
| ਲ | ਰ | ਵ | ਯ | ੜ |



(ਅ) ਹੇਠ ਲਿਖੇ ਅੱਖਰਾਂ ਨੂੰ ਪਛਾਣ ਕੇ ਉਨ੍ਹਾਂ ਦੇ ਨਾਂ ਲਿਖੋ (ਕੋਈ **ਪੰਜ** ਕਰੋ) :

ਅ, ਸ, ਗ, ਜ, ਥ, ਪ, ਯ, ੜ। 5,5

2. (ੳ) ਪੰਜਾਬੀ ਦੀਆਂ ਸਵਰ ਧੁਨੀਆਂ ਕਿਹੜੀਆਂ ਹਨ? ਤਰਤੀਬ ਵਿਚ ਲਿਖੋ।

**ਜਾਂ**

ਤਿੰਨ ਜਾਂ ਚਾਰ ਅੱਖਰਾਂ ਵਾਲੇ **ਦਸ** ਸ਼ਬਦ ਲਿਖੋ।

(ਅ) ਟਿੱਪੀ ਦੀ ਵਰਤੋਂ ਕਰਦਿਆਂ **ਪੰਜ** ਸ਼ਬਦ ਲਿਖੋ।

**ਜਾਂ**

ਬਿੰਦੀ ਦੀ ਵਰਤੋਂ ਕਰਦਿਆਂ **ਪੰਜ** ਸ਼ਬਦ ਲਿਖੋ। 5,5

### ਭਾਗ–ੳ

3. (ੳ) 'ੳ' ਜਾਂ 'ਅ' ਸਵਰ ਅੱਖਰ ਦੀ ਵਰਤੋਂ ਕਰਦਿਆਂ **ਪੰਜ** ਸ਼ਬਦ ਲਿਖੋ।

(ਅ) ਹੇਠ ਲਿਖੇ ਅਧੂਰੇ ਸ਼ਬਦਾਂ ਵਿਚੋਂ ਕਿਸੇ **ਦਸ** ਨਾਲ ਲੋੜੀਂਦੀਆਂ ਮਾਤਰਾਵਾਂ ਲਗਾ ਕੇ ਸਹੀ ਸ਼ਬਦ ਬਣਾਓ:

ਚਵਲ, ਮਕਨ, ਹਰਨ, ਕਤਾਬ, ਤਿਤਲ, ਬਾਲਟ, ਕਰਸੀ, ਆਲ, ਸਕਲ, ਸਰਜ, ਅੰਗਰਜ਼ੀ, ਸਪਰਾ, ਅਨਕ। 5,5

4. (ੳ) 51 ਤੋਂ 60 ਤਕ ਦੀ ਗਿਣਤੀ ਨੂੰ ਸ਼ਬਦਾਂ ਵਿਚ ਲਿਖੋ।

**ਜਾਂ**

ਹਫ਼ਤੇ ਦੇ ਦਿਨਾਂ ਦੇ ਨਾਂ ਲਿਖੋ। 5

(ਅ) ਸਾਲ ਦੇ ਮਹੀਨਿਆਂ ਦੇ ਨਾਂ ਲਿਖੋ।

**ਜਾਂ**

ਪੰਜ ਰਿਸ਼ਤਿਆਂ ਦੇ ਨਾਂ ਲਿਖੋ। 5

(ੲ) ਗਰਮੀ ਦੀ ਰੁੱਤ ਦੀਆਂ ਪੰਜ ਸਬਜ਼ੀਆਂ ਦੇ ਨਾਂ ਲਿਖੋ।

**ਜਾਂ**

ਪੰਜ ਪੰਛੀਆਂ ਦੇ ਨਾਂ ਲਿਖੋ। 5

## ਭਾਗ–ੲ

5. ਹੇਠ ਲਿਖੇ ਕਿਸੇ **ਪੰਦਰਾਂ** ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ: $15 \times 2 = 30$

(i) ਵਰਣਮਾਲਾ ਅਨੁਸਾਰ 'ਛ' ਤੋਂ ਪਹਿਲਾਂ ਕਿਹੜਾ ਅੱਖਰ ਆਉਂਦਾ ਹੈ?

(ii) ਖਾਲੀ ਸਥਾਨ ਭਰੋ:- ਸ਼, ਖ਼, ਗ਼, ........, ਫ਼।

(iii) ੳ, ਅ, ੲ, ਸ ਵਿਚੋਂ ਕਿਹੜਾ ਸਵਰ ਅੱਖਰ ਨਹੀਂ ਹੈ?

(iv) ਗੁਰਮੁਖੀ ਵਿਚ ਕਿੰਨੇ ਵਿਅੰਜਨ ਅੱਖਰ ਹਨ?



(v) ਗੁਰਮੁਖੀ ਲਿਪੀ ਵਿਚ ਕਿਹੜੇ ਕਿਹੜੇ ਲਗਾਖਰ ਹਨ?

(vi) ਗੁਰਮੁਖੀ ਲਿਪੀ ਵਿਚਲੇ ਨਾਸਕੀ ਵਿਅੰਜਨ ਲਿਖੋ।

(vii) 'ਸਿਹਾਰੀ' ਮਾਤਰਾ ਦੀ ਵਰਤੋਂ ਕਰਦਿਆਂ ਦੋ ਸ਼ਬਦ ਲਿਖੋ।

(viii) 'ਲਾਂ' ਮਾਤਰਾ ਦੀ ਵਰਤੋਂ ਕਰਦਿਆਂ ਦੋ ਸ਼ਬਦ ਲਿਖੋ।

(ix) 'ਦੁਲੈਂਕੜ' ਮਾਤਰਾ ਦੀ ਵਰਤੋਂ ਕਰਦਿਆਂ ਦੋ ਸ਼ਬਦ ਲਿਖੋ।

(x) 'ਕਨੌੜਾ' ਮਾਤਰਾ ਦੀ ਵਰਤੋਂ ਕਰਦਿਆਂ ਦੋ ਸ਼ਬਦ ਲਿਖੋ।

(xi) '69' ਅਤੇ '79' ਦੇ ਅੰਕਾਂ ਨੂੰ ਸ਼ਬਦਾਂ ਵਿਚ ਲਿਖੋ।

(xii) ਕਿਸੇ ਚਾਰ ਰੰਗਾਂ ਦੇ ਨਾਂ ਲਿਖੋ।

(xiii) ਸਰਦ ਰੁੱਤ ਦੇ ਕਿਸੇ ਚਾਰ ਫ਼ਲਾਂ ਦੇ ਨਾਂ ਲਿਖੋ।

(xiv) ਚਾਰ ਜੰਗਲੀ ਜਾਨਵਰਾਂ ਦੇ ਨਾਂ ਲਿਖੋ।

(xv) ਚਾਰ ਪਾਲਤੂ (ਘਰੇਲੂ) ਪਸ਼ੂਆਂ ਦੇ ਨਾਂ ਲਿਖੋ।

(xvi) ਭਰਾ ਦੀ ਧੀ ਨੂੰ ਕੀ ਆਖਦੇ ਹਨ?

(xvii) ਘਰੇਲੂ ਵਰਤੋਂ ਦੀਆਂ ਚਾਰ ਵਸਤਾਂ ਦੇ ਨਾਂ ਲਿਖੋ।